# ਰਾਮਾ ਹਮ ਦਾਸਨ ਦਾਸ ਕਰੀਜੈ

ਕਲਿਆਨੁ ਮਹਲਾ ੪ ॥
ਰਾਮਾ ਹਮ ਦਾਸਨ ਦਾਸ ਕਰੀਜੈ ॥
ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ ॥੧॥ ਰਹਾਉ ॥

ਇਹ ਸ਼ਬਦ ਅਠ ਪਦਿਆਂ ਦਾ ਸੰਗ੍ਰਹਿ ਹੈ ਜਿਸਨੂੰ ਅਸਟਪਦੀ ਕਹਿੰਦੇ ਹਨ। ਇਸ ਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਕਲਿਆਣ ਰਾਗ ਵਿਚ ਉਚਾਰਣ ਕੀਤਾ ਹੈ ਜੋ ਪੰਨਾ ੧੩੨੬ ਤੇ ਸੁਭਾਇਮਾਨ ਹੈ।
ਪਾਤਸ਼ਾਹ, ਇੰਞ ਉਪਦੇਸ਼ ਦੇ ਰਹੇ ਹਨ : ਹੇ ਰਾਮ ! ਸਾਨੂੰ ਆਪਣੇ ਦਾਸਾਂ ਦਾ ਦਾਸ ਬਣਾ ਦੇ। ਜਦੋਂ ਤਕ ਸਰੀਰ ਵਿਚ ਸਾਹ ਆ ਰਿਹਾ ਹੈ, ਉਤਨਾ ਚਿਰ ਸੰਤ ਜਨਾਂ ਦੇ ਚਰਣਾਂ ਦੀ ਧੂੜ ਘੋਲ ਕੇ ਪੀਂਦੇ ਰਹਿਣਾ ਚਾਹੀਦਾ ਹੈ॥੧॥ ਰਹਾਉ।

ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ ॥
ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥੧॥

ਸ਼ਿਵ, ਨਾਰਦ, ਸ਼ੇਸ਼ਨਾਗ ਆਦਿਕ ਹਰੇਕ ਰਿਸ਼ੀ, ਮੁਨੀ, ਸੰਤ ਜਨਾਂ ਦੇ ਚਰਣਾਂ ਦੀ ਧੂੜ ਦੀ ਤਾਂਘ ਕਰਦੇ ਰਹੇ ਹਨ। ਜਿਥੇ ਸੰਤ ਜਨ ਚਰਣ ਰਖਦੇ ਹਨ, ਉਹ ਸਾਰੇ ਭਵਨ ਸਾਰੇ ਥਾਂ ਪਵਿਤਰ ਹੋ ਜਾਂਦੇ ਹਨ ॥੧॥

ਬ੍ਰਹਮਾ, ਸ਼ਿਵ, ਸਿਧ, ਮੁਨੀ, ਇੰਦਰ, ਜੋਗੀ, ਗਿਆਨੀ, ਧਿਆਨੀ, ਸੇਖਨਾਗ, ਆਦਿ ਸਾਰੇ ਭਗਤੀ ਦਾ ਦਾਨ ਮੰਗਦੇ ਹਨ ਜੋ ਸਾਧੂ ਜਨਾਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ – 'ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ।। ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ।। ਕਹੁ ਨਾਨਕੁ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ।।'

## ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥
## ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥੨॥

ਹਰ ਇਕ ਤਰ੍ਹਾਂ ਦੀ ਲਜਿਆ ਛਡ ਕੇ, ਸਾਰੀ ਆਕੜ ਛਡ ਦੇਣੀ ਚਾਹੀਦੀ ਹੈ, ਅਤੇ ਸੰਤ ਜਨਾਂ ਦੀ ਸੰਗਤਿ ਵਿਚ ਰਹਿਣਾ ਚਾਹੀਦਾ ਹੈ। ਜਿਹੜਾ ਮਨੁਖ ਸੰਤ ਜਨਾਂ ਦੀ ਸੰਗਤਿ ਵਿਚ ਰਹਿੰਦਾ ਹੈ, ਉਸਦਾ ਧਰਮਰਾਜ ਨੂੰ ਲੇਖਾ ਦੇਣ ਦਾ ਸਹਿਮ ਮੁਕ ਜਾਂਦਾ ਹੈ। ਜ਼ਹਿਰੀਲੇ ਸੰਸਾਰ ਸਮੁੰਦਰ ਵਿਚ ਡੁਬਦੇ ਨੂੰ ਵੀ, ਸੰਤ ਜਨ ਕਢ ਲੈਂਦੇ ਹਨ ॥੨॥

## ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ ॥
## ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ ॥੩॥

ਜਿਹੜੇ ਮਨੁਖ ਭਰਮ ਭੁਲੇਖੇ ਵਿਚ ਪੈ ਕੇ, ਨਾਮ ਰਸ ਤੋਂ ਸੁਕੇ ਰਹਿ ਜਾਂਦੇ ਹਨ, ਉਹ ਮਨੁਖ, ਉਹਨਾਂ ਰੁਖਾਂ ਵਰਗੇ ਕਹੇ ਜਾਂਦੇ ਹਨ, ਜਿਹੜੇ ਖੜੇ ਖਲੋਤੇ ਸੁਕ ਜਾਂਦੇ

ਹਨ, ਪਰ ਅਜਿਹੇ ਸੁਕੇ ਜੀਵਨ ਵਾਲੇ ਮਨੁਖ ਵੀ ਸੰਤ ਜਨਾਂ ਦੀ ਸੰਗਤਿ ਵਿਚ ਮਿਲ ਕੇ ਹਰੇ ਹੋ ਜਾਂਦੇ ਹਨ, ਭਾਵ ਉਨ੍ਹਾਂ ਦੇ ਵਿਚ ਵੀ ਨਾਮ ਦੀ ਹਰਿਆਲੀ ਛਾ ਜਾਂਦੀ ਹੈ। ਇਸ ਵਾਸਤੇ, ਇਕ ਪਲ ਭਰ ਵੀ ਦੇਰ ਨਹੀਂ ਕਰਨੀ ਚਾਹੀਦੀ। ਛੇਤੀ ਜਾ ਕੇ ਸੰਤ ਜਨਾਂ ਦੀ ਚਰਨੀਂ ਲਗਣਾ ਚਾਹੀਦਾ ਹੈ ॥੩॥

## ਰਾਮ ਨਾਮ ਕੀਰਤਨ ਰਤਨ ਵਥੁ ਹਰਿ ਸਾਧੂ ਪਾਸਿ ਰਖੀਜੈ ॥
## ਜੋ ਬਚਨੁ ਗੁਰ ਸਤਿ ਸਤਿ ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ ॥੪॥

ਪਰਮਾਤਮਾ ਦਾ ਨਾਮ, ਪਰਮਾਤਮਾ ਦੀ ਸਿਫ਼ਤਿ ਸਲਾਹ, ਇਕ ਅਤਿ-ਕੀਮਤੀ ਰਤਨ ਜਾਂ ਹੀਰਾ ਹੈ। ਅਤੇ ਅਜਿਹਾ ਬਹੁ-ਮੁਲਾ ਪਦਾਰਥ ਪਰਮਾਤਮਾ ਨੇ ਸੰਤ ਜਨਾਂ ਦੇ ਕੋਲ ਰਖਿਆ ਹੁੰਦਾ ਹੈ। ਜਿਹੜਾ ਮਨੁਖ ਸਾਧੂ-ਗੁਰੂ ਦੀ ਹਰ ਇਕ ਆਗਿਆ ਨੂੰ ਪੂਰੀ ਸਰਧਾ ਨਾਲ ਮੰਨਦਾ ਹੈ ਸਾਧੂ-ਗੁਰੂ ਇਹ ਕੀਮਤੀ ਪਦਾਰਥ ਉਸ ਦੇ ਅਗੇ ਕਢ ਕੇ ਰਖ ਦੇਂਦਾ ਹੈ ॥੪॥,
ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਅਗੇ ਕਢ ਕੇ ਰਖ ਦਿਤਾ। ਭਗਤ ਕਬੀਰ ਜੀ ਨੇ ਇਹੀ ਅਦਭੁਤ ਵਰਤਾਰਾ, ੬੭੦ ਪੰਨੇ ਤੇ ਬੜੇ ਸੁੰਦਰ ਸ਼ਬਦਾਂ ਵਿਚ ਬਿਆਨ ਕੀਤਾ ਹੈ – 'ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮਾਰਿ।। ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ।।'

ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ
ਕਾਢੀ ਬਾਹ ਕੁਕੀਜੈ ॥
ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ
ਤਾਂ ਸਤਿਗੁਰ ਸਰਨਿ ਪਵੀਜੈ ॥੫॥

ਹੇ ਸੰਤ ਜਨੋ ! ਗੁਰੂ ਨੇ ਆਪਣੀ ਬਾਂਹ ਉਚੀ ਕੀਤੀ ਹੋਈ ਹੈ ਤੇ ਕੂਕ ਰਿਹਾ ਹੈ ਉਸ ਦੀ ਗਲ ਧਿਆਨ ਨਾਲ ਸੁਣੋ, ਸੁਣੋ। ਹੇ ਸੰਤ ਜਨੋ ! ਜੇ ਤੁਸੀਂ ਆਪਣੀ ਜਿੰਦ ਵਾਸਤੇ ਸਦਾ ਦਾ ਸੁਖ ਚਾਹੁੰਦੇ ਹੋ, ਤਾਂ ਸਚੇ ਗੁਰੂ ਦੀ ਸਰਨ ਪਏ ਰਹਿਣਾ ਚਾਹੀਦਾ ਹੈ ॥੫॥

ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ
ਗੁਰਮਤਿ ਨਾਮੁ ਦ੍ਰਿੜੀਜੈ ॥
ਸਭੁ ਮਾਇਆ ਮੋਹੁ ਬਿਖਮੁ ਜਗੁ ਤਰੀਐ
ਸਹਜੇ ਹਰਿ ਰਸੁ ਪੀਜੈ ॥੬॥

ਜੇ ਕਿਸੇ ਮਨੁਖ ਦੀ ਬਹੁਤ ਵਡੀ ਚੰਗੀ ਕਿਸਮਤ ਹੋਵੇ, ਤਾਂ ਉਹ ਗੁਰੂ ਦੀ ਮਤਿ ਦਾ ਅਨੁਸਰਣ ਕਰ ਕੇ, ਆਪਣੇ ਅੰਦਰ ਪਰਮਾਤਮਾ ਦਾ ਨਾਮ ਦ੍ਰਿੜ ਕਰਵਾ ਲੈਂਦਾ ਹੈ। ਵਰਨਾ, ਮੋਹ ਮਾਇਆ ਬੜਾ ਔਖਾ ਸੰਸਾਰ ਸਮੁੰਦਰ ਹੈ ਜੋ ਨਾਮ ਦੀ ਬਰਕਤਿ ਨਾਲ ਸੌਖਾ ਹੀ ਤਰਿਆ ਜਾ ਸਕਦਾ ਹੈ। ਇਸ ਵਾਸਤੇ ਸਮ-ਤੋਲ ਦੀ ਅਵੱਸਥਾ ਵਿਚ ਟਿਕ ਕੇ, ਉਸ ਪਰਮਾਤਮਾ ਦਾ ਨਾਮ ਰਸ ਪੀਣਾ ਚਾਹੀਦਾ ਹੈ ॥੬॥

## ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥

## ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ ਅਹੰਕਾਰਿ ਭਾਰਿ ਲਦਿ ਲੀਜੈ ॥੭॥

ਜਿਹੜੇ ਮਨੁਖ ਨਿਰੇ ਸੰਸਾਰਕ ਮੋਹ ਮਾਇਆ ਦੇ ਹੀ ਬਹੁਤ ਪ੍ਰੇਮੀ ਹਨ ਉਹ ਸਦਾ ਦੁਖੀ ਹੁੰਦੇ ਹਨ। ਮੋਹ-ਮਾਇਆ ਦਾ ਪ੍ਰੇਮੀ ਮਨੁਖ ਤਾਂ ਹਰ ਵੇਲੇ ਮੋਹ-ਮਾਇਆ ਦੀ ਤ੍ਰਿਸ਼ਨਾ ਦੀ ਅਗ ਵਿਚ ਸੜਦਾ ਰਹਿੰਦਾ ਹੈ। ਅਜਿਹੇ ਮਨੁਖ ਵਾਸਤੇ ਜੀਵਨ ਵਲੋਂ ਬੇਸਮਝੀ, ਇਕ ਘੁਪ ਹਨੇਰਾ ਰਸਤਾ ਹੈ, ਉਸ ਮਨੁਖ ਵਾਸਤੇ ਰਬੀ ਰਸਤਾ ਅਤਿ ਔਖਾ ਹੋ ਜਾਂਦਾ ਹੈ ਕਿਉਂਕਿ ਉਹ ਮਨੁਖ ਅਹੰ ਦੇ ਭਾਰ ਨਾਲ ਸਦਾ ਲਦਿਆ ਰਹਿੰਦਾ ਹੈ ॥੭॥

## ਨਾਨਕ ਰਾਮ ਰਮ ਰਮੁ ਰਮ ਰਮ ਰਾਮੈ ਤੇ ਗਤਿ ਕੀਜੈ ॥

## ਸਤਿਗੁਰੁ ਮਿਲੈ ਤਾ ਨਾਮੁ ਦ੍ਰਿੜਾਏ ਰਾਮ ਨਾਮੈ ਰਲੈ ਮਿਲੀਜੈ ॥੮॥੬॥

## ਛਕਾ ੧ ॥

ਚਉਥੇ ਨਾਨਕ ਬਹੁਤ ਹੀ ਜ਼ੋਰ ਦੇ ਕੇ ਉਪਦੇਸ ਕਰਦੇ ਹਨ ਕਿ ਉਹ ਰਾਮ, ਭਾਵ, ਵਾਹਿਗੁਰੂ ਜੋ ਸਦਾ ਵਿਆਪਕ ਹੈ, ਉਸ ਰਾਮ ਦਾ ਨਾਮ ਸਿਮਰਦਾ ਰਹੁ, ਸਿਮਰਦਾ ਰਹੁ। ਵਿਆਪਕ ਰਾਮ ਦੇ ਨਾਮ ਤੋਂ ਹੀ ਮਨੁਖ ਨੂੰ ਪਰਮਗਤੀ ਦੀ ਪ੍ਰਾਪਤੀ ਹੁੰਦੀ ਹੈ: ਜਦੋਂ ਸਚਾ ਗੁਰੂ ਮਿਲਦਾ ਹੈ ਉਹ ਮਨੁਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ

ਦ੍ਰਿੜ ਕਰਵਾ ਦਿੰਦਾ ਹੈ। ਇਸ ਤਰ੍ਹਾਂ ਨਾਲ ਨਾਮ ਜਪ ਕੇ ਮਨੁਖ ਪਰਮਾਤਮਾ ਦੇ ਵਿਚ ਸਦਾ ਲਈ ਰਲ-ਮਿਲ ਜਾਂਦਾ ਹੈ, ਭਾਵ, ਉਸ ਦਾ ਹੀ ਰੂਪ ਹੋ ਜਾਂਦਾ ਹੈ॥੮॥੬॥
ਇਹ ਇਕ, ਛੇ ਅਸਟਪਦੀਆਂ ਦਾ ਸੰਗ੍ਰਹਿ ਹੈ।।

Last modified: 12 Apr 2020